# ਉਧਾਰ ਅਤੇ ਕਰਜ਼ੇ ਬਾਰੇ ਬਾਰ ਬਾਰ ਪੁੱਛੇ ਜਾਣ ਵਾਲੇ ਪ੍ਰਸ਼ਨ
# Frequently asked questions about credit and debt

*ਇਹ ਜਾਣਕਾਰੀ ਇੰਗਲੈਂਡ ਅਤੇ ਵੇਲਜ਼ ਨੂੰ ਲਾਗੂ ਹੁੰਦੀ ਹੈ*

ਮੇਰੇ ਕਰਜ਼ੇ ਮੇਰੇ ਕਾਬੂ ਤੋਂ ਬਾਹਰ ਹੋ ਰਹੇ ਹਨ ਅਤੇ ਇਹਨਾਂ ਸਾਰਿਆਂ ਨੂੰ ਦੇਣਾ ਮੇਰੇ ਲਈ ਮੁਨਾਸਿਬ ਨਹੀਂ ਹੈ। ਮੈਂ ਕੀ ਕਰ ਸਕਦਾ/ਸਕਦੀ ਹਾਂ? **2**

ਮੈਨੂੰ ਇੱਕ ਨਵੀਂ ਵੌਸ਼ਿੰਗ ਮਸ਼ੀਨ (ਕਪੜੇ ਧੋਣ ਵਾਲੀ ਮਸ਼ੀਨ) ਖ਼ਰੀਦਣੇ ਲਈ ਪੈਸੇ ਉਧਾਰ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਮੈਂ ਕੀ ਕਰ ਸਕਦਾ/ਸਕਦੀ ਹਾਂ? **4**

ਕ੍ਰੈਡਿੱਟ ਕਾਰਡ ਦਾ ਕਰਜ਼ਾ ਨਾ ਅਦਾ ਕਰਨ ਦੇ ਸੰਬੰਧ ਵਿਚ, ਮੇਰੇ ਖ਼ਿਲਾਫ਼ ਕਾਉਂਟੀ ਕੋਰਟ ਜੱਜਮੈਂਟ ਲਗਾਈ ਗਈ ਹੈ ਅਤੇ ਕਾਰਡ ਦੇਣ ਵਾਲੇ ਨੇ ਮੈਨੂੰ ਬੇਲਿੱਫਸ ਨੂੰ ਭੇਜਣ ਦੀ ਧਮਕੀ ਦਿੱਤੀ ਹੈ। ਮੈਂ ਕੀ ਕਰ ਸਕਦਾ/ਸਕਦੀ ਹਾਂ? **5**

ਮੈਂ ਪਹਿਲੀ ਵਾਰੀ ਇੱਕਲੇ ਤੌਰ ਤੇ ਰਹਿਣੇ ਲਈ ਜਾ ਰਿਹਾ/ਰਹੀ ਹਾਂ ਅਤੇ ਮੈਨੂੰ ਫ਼ਿਕਰ ਹੈ ਕਿ ਮੈਂ ਆਪਣੇ ਬਜਿੱਟ ਦੀ ਕਿਸ ਤਰ੍ਹਾਂ ਦੇਖਭਾਲ ਕਰਾਂਗਾ/ਕਰਾਂਗੀ। ਕਰਜ਼ੇ ਵਿਚ ਜਾਣ ਤੋਂ ਬਚਣ ਲਈ ਮੈਂ ਕੀ ਕਰ ਸਕਦਾ/ਸਕਦੀ ਹਾਂ? **6**

ਮੈਨੂੰ ਲਗਦਾ ਹੈ ਮੇਰੇ ਜਾਨਣੇ ਤੋਂ ਬਿਨਾਂ ਸ਼ਾਇਦ ਕੋਈ ਦੂਸਰਾ ਵਿਅਕਤੀ ਮੇਰਾ ਕ੍ਰੈਡਿੱਟ ਕਾਰਡ ਵਰਤ ਰਿਹਾ ਹੈ। ਮੈਂ ਇਸ ਬਾਰੇ ਕੀ ਕਰ ਸਕਦਾ/ਸਕਦੀ ਹਾਂ? **7**

ਇੱਕ ਬੈਂਕ ਜਿਸ ਨਾਲ ਮੇਰਾ ਕੋਈ ਲੈਣ ਦੇਣ ਨਹੀਂ ਹੈ, ਮੈਨੂੰ ਬਕਾਇਆ ਕਰਜ਼ਾ ਦੇਣ ਲਈ ਕਹਿ ਰਹੇ ਹਨ। ਮੈਨੂੰ ਲਗਦਾ ਹੈ ਕਿ ਮੈਂ ਇੱਕ ਚੋਰੀ ਕੀਤੀ ਗਈ ਸ਼ਨਾਖ਼ਤ ਦਾ ਸ਼ਿਕਾਰ ਬਣ ਗਿਆ ਹਾਂ। ਮੈਂ ਕੀ ਕਰ ਸਕਦਾ/ਸਕਦੀ ਹਾਂ? **8**

Copyright © 2002-2007 Citizens Advice All rights reserved
Registered charity no: 279057 Company no: 1436945 England

## ਮੇਰੇ ਕਰਜ਼ੇ ਮੇਰੇ ਕਾਬੂ ਤੋਂ ਬਾਹਰ ਹੋ ਰਹੇ ਹਨ ਅਤੇ ਇਹਨਾਂ ਸਾਰਿਆਂ ਨੂੰ ਦੇਣਾ ਮੇਰੇ ਲਈ ਮੁਨਾਸਿਬ ਨਹੀਂ ਹੈ। ਮੈਂ ਕੀ ਕਰ ਸਕਦਾ/ਸਕਦੀ ਹਾਂ ?

ਜੇ ਤੁਸੀਂ ਕਰਜ਼ੇ ਹੇਠਾਂ ਹੋ ਤਾਂ ਘਬਰਾਓ ਨਾ। ਪਰ ਇਹ ਜ਼ਰੂਰੀ ਹੈ ਕਿ ਉਸ ਬਾਰੇ ਕੁਝ ਇੰਤਜ਼ਾਮ ਕਰੋ, ਕਿਉਂਕਿ ਇਹ ਸੱਮਸਿਆ ਆਪਣੇ ਆਪ ਹੀ ਸੁਲਝ ਨਹੀਂ ਜਾਏਗੀ। ਜਿਹੜੇ ਲੋਕਾਂ ਦੇ ਤੁਸੀਂ ਪੈਸੇ ਦੇਣੇ ਹਨ (ਤੁਹਾਡੇ ਤੋਂ ਕਰਜ਼ਾ ਵਸੂਲ ਕਰਨੇ ਵਾਲੇ), ਉਹਨਾਂ ਵਲੋਂ ਆਉਂਣ ਵਾਲੇ ਫ਼ੋਨ ਜਾਂ ਚਿੱਠੀਆਂ ਨੂੰ ਨਜ਼ਰਅੰਦਾਜ਼ ਨਾ ਕਰੋ। ਉਹਨਾਂ ਨਾਲ ਗੱਲ ਕਰੋ ਅਤੇ ਦਸੋ ਕਿ ਤੁਹਾਨੂੰ ਸਮੱਸਿਆਵਾਂ ਕਿਉਂ ਪੇਸ਼ ਆ ਰਹੀਆਂ ਹਨ। ਜੇ ਤੁਸੀਂ ਉਹਨਾਂ ਨੂੰ ਇਸ ਬਾਰੇ ਪਹਿਲਾਂ ਹੀ ਜਾ ਕੇ ਦੱਸ ਦਿਓਗੇ ਤਾਂ ਬਹੁਤ ਸਾਰੀਆਂ ਸੰਸਥਾਵਾਂ ਇਹੋ ਜਿਹੀਆਂ ਹਨ ਜੋ ਤੁਹਾਡੇ ਲਈ ਕਾਫ਼ੀ ਜ਼ਿਆਦਾ ਮੱਦਦਗਾਰ ਸਾਬਤ ਹੋ ਸਕਦੀਆਂ ਹਨ।

ਸਭ ਤੋਂ ਪਹਿਲਾਂ ਤਾਂ ਤੁਹਾਨੂੰ ਆਪਣੇ ਕਰਜ਼ਾ ਵਸੂਲ ਕਰਨੇ ਵਾਲਿਆਂ ਦੀ ਇੱਕ ਲਿਸਟ ਤਿਆਰ ਕਰਨੀ ਚਾਹੀਦੀ ਹੈ।

ਇੱਕ ਵਾਰੀ ਜਦੋਂ ਤੁਸੀਂ ਇਸ ਤਰ੍ਹਾਂ ਕਰ ਲਿਆ ਤਾਂ ਤੁਹਾਨੂੰ ਇਹ ਤਹਿ ਕਰਨਾ ਪਵੇਗਾ ਕਿ ਸਭ ਤੋਂ ਜ਼ਰੂਰੀ ਦੇਣੇ ਵਾਲੇ ਕਰਜ਼ੇ ਕਿਹੜੇ ਹਨ। ਬਹੁਤ ਜ਼ਰੂਰੀ ਦੇਣੇ ਵਾਲੇ ਕਰਜ਼ੇ ਦਾ ਮਤਲਬ ਇਹ ਹੈ ਕਿ ਜੇ ਇਹ ਨਾ ਅਦਾ ਕੀਤੇ ਗਏ ਤਾਂ ਨਤੀਜਾ ਬਹੁਤ ਗੰਭੀਰ ਹੋ ਸਕਦਾ ਹੈ। ਆਪਣਾ ਕਿਰਾਇਆ ਜਾਂ ਮੌਰਟਗੇਜ ਨਾ ਦੇਣ ਨਾਲ ਤੁਸੀਂ ਬੇਘਰੇ ਹੋ ਸਕਦੇ ਹੋ, ਜਾਂ ਆਪਣਾ ਗੈਸ ਜਾਂ ਬਿਜਲੀ ਦਾ ਬਿੱਲ ਨਾ ਦੇਣ ਨਾਲ ਤੁਹਾਡੀ ਸਪਲਾਈ ਕੱਟੀ ਜਾ ਸਕਦੀ ਹੈ ਅਤੇ ਤੁਹਾਨੂੰ ਅਦਾਲਤ ਵਿਚ ਲਿਜਾਇਆ ਜਾ ਸਕਦਾ ਹੈ।

ਜਿਹੜੇ ਕਰਜ਼ਿਆਂ ਨੂੰ ਅਦਾ ਕਰਨ ਲਈ ਇੰਨੀ ਕਾਹਲੀ ਨਹੀਂ ਹੁੰਦੀ, ਉਹਨਾਂ ਦੇ ਨਾ ਦੇਣ ਤੇ ਨਤੀਜਾ ਇੰਨਾ ਗੰਭੀਰ ਨਹੀਂ ਹੁੰਦਾ। ਉਹਨਾਂ ਵਿਚ ਇਹ ਕਰਜ਼ੇ ਸ਼ਾਮਿਲ ਹਨ ਜਿਵੇਂ ਕਿ, ਓਵਰਡ੍ਰਾਫ਼ਟਸ, ਲੋਨਜ਼, ਹਾਇਅਰ ਪਰਚੇਜ਼, ਕ੍ਰੈਡਿੱਟ ਕਾਰਡ ਦੇ ਅਕਾਊਂਟ ਅਤੇ ਕੈਟਲੌਗ ਦੇ ਦੇਣ ਵਾਲੇ ਕਰਜ਼ੇ। ਫਿਰ ਭੀ, ਜੇ ਤੁਸੀਂ ਆਪਣੇ ਗੈਰ-ਜ਼ਰੂਰੀ ਦੇਣ ਵਾਲੇ ਕਰਜ਼ੇ ਨਹੀਂ ਦਿਓਗੇ ਤਾਂ ਤੁਹਾਡੇ ਕ੍ਰੈਡੀਟਰਜ਼ (ਤੁਹਾਡੇ ਤੋਂ ਪੈਸਾ ਵਸੂਲ ਕਰਨੇ ਵਾਲੇ) ਤੁਹਾਨੂੰ ਅਦਾਲਤ ਵਿਚ ਲਿਜਾ ਸਕਦੇ ਹਨ।

ਜਦੋਂ ਤੁਸੀਂ ਫ਼ੈਸਲਾ ਕਰ ਲਿਆ ਹੈ ਕਿ ਸਭ ਤੋਂ ਪਹਿਲਾਂ ਕਿਹੜੇ ਕਰਜ਼ੇ ਦਿੱਤੇ ਜਾਣੇ ਚਾਹੀਦੇ ਹਨ ਤਾਂ ਇਹ ਹਿਸਾਬ ਲਗਾਓ ਕਿ ਅਸਲ ਵਿਚ ਤੁਸੀਂ ਕਿੰਨੇ ਪੈਸੇ ਦੇਣ ਦੇ ਯੋਗ ਹੋ ਸਕਦੇ ਹੋ। ਇਹ ਕਰਨ ਲਈ ਤੁਹਾਨੂੰ ਘਰ ਵਿਚ ਆਉਂਣ ਵਾਲੀ ਸਾਰੀ ਆਮਦਨੀ ਅਤੇ ਘਰੇਲੂ ਖਰਚਿਆਂ ਦੀ ਲਿਸਟ ਬਣਾਉਂਣੀ ਪਵੇਗੀ।

Copyright © 2002-2007 Citizens Advice All rights reserved
Registered charity no: 279057 Company no: 1436945 England

ਆਪਣੀ ਆਮਦਨੀ ਚੈੱਕ ਕਰੋ ਅਤੇ ਦੇਖੋ ਕਿ ਕੀ ਕੋਈ ਇਹੋ ਜਿਹੇ ਬੈਨਿਫ਼ਿਟਸ ਜਾਂ ਟੈਕਸ ਕ੍ਰੈਡਿੱਟਸ ਤਾਂ ਨਹੀਂ ਹਨ ਜਿਹਨਾਂ ਦੇ ਤੁਸੀਂ ਹੱਕਦਾਰ ਹੋ ਪਰ ਤੁਹਾਨੂੰ ਮਿਲ ਨਹੀਂ ਰਹੇ ਹਨ। ਆਪਣਾ ਖਰਚਾ ਵੀ ਧਿਆਨ ਨਾਲ ਚੈੱਕ ਕਰੋ ਕਿ ਕੀ ਕੋਈ ਇਹੋ ਜਿਹੀ ਜਗ੍ਹਾ ਤਾਂ ਨਹੀਂ ਹੈ ਜਿੱਥੋਂ ਤੁਸੀਂ ਖਰਚਾ ਘੱਟਾ ਸਕਦੇ ਹੋ। ਮਿਸਾਲ ਵਜੋਂ, ਤੁਸੀਂ ਆਲੇ ਦੁਆਲੇ ਚੈੱਕ ਕਰ ਸਕਦੇ ਹੋ ਕਿ ਜੇ ਤੁਹਾਨੂੰ ਸਸਤਾ ਗੈਸ ਜਾਂ ਬਿਜਲੀ ਜਾਂ ਫਿਰ ਸਸਤੀ ਮੌਰਟਗੇਜ਼ ਜਾਂ ਇੰਨਸ਼ੂਅਰੈਂਸ ਪ੍ਰਦਾਨ ਕਰਨ ਵਾਲੇ ਮਿਲ ਸਕਦੇ ਹਨ।

ਤੁਹਾਡੇ ਘਰ ਦੇ ਖਰਚਿਆਂ ਦਾ ਬੱਜਟ ਤਿਆਰ ਕਰਨ ਲਈ ਕੋਈ ਐਡਵਾਈਸ ਏਜੰਸੀ ਤੁਹਾਡੀ ਮੱਦਦ ਕਰ ਸਕਦੀ ਹੈ ਅਤੇ ਜੇ ਮੁਮਕਿਨ ਹੋ ਸਕੇ ਤਾਂ ਤੁਹਾਡੇ ਘਰ ਵਿਚ ਆਉਂਣ ਵਾਲੇ ਪੈਸਿਆਂ ਵਿਚ ਵਾਧਾ ਹੋ ਸਕਦਾ ਹੈ।

ਜਦੋਂ ਤੁਸੀਂ ਹਿਸਾਬ ਲਗਾ ਲਿਆ ਹੈ ਕਿ ਘਰ ਦੇ ਸਾਰੇ ਖਰਚੇ ਕਰ ਕੇ ਤੁਹਾਡੇ ਕੋਲ ਕਿੰਨੇ ਕੁ ਪੈਸੇ ਬਾਕੀ ਬਚਦੇ ਹਨ ਤਾਂ ਆਪਣੇ ਹਰ ਇੱਕ ਕ੍ਰੈਡੀਟਰ ਨਾਲ ਸੰਪਰਕ ਕਰੋ, ਜਿਹਨਾਂ ਦੇ ਪੈਸੇ ਦੇਣੇ ਬਹੁਤ ਜ਼ਰੂਰੀ ਹਨ। ਉਹਨਾਂ ਨੂੰ ਆਪਣਾ ਬੱਜਟ ਦਿਖਾਓ ਅਤੇ ਉਹਨਾਂ ਨਾਲ ਸਮਝੌਤਾ ਕਰੋ ਕਿ ਤੁਸੀਂ ਉਹਨਾਂ ਦੇ ਪੈਸੇ ਵਾਪਸ ਦੇਣ ਦੀ ਪੂਰੀ ਕੋਸ਼ਿਸ਼ ਕਰੋਗੇ।

ਜੇ ਤੁਸੀਂ ਆਪਣੇ ਜ਼ਰੂਰੀ ਕ੍ਰੈਡੀਟਰਜ਼ ਨੂੰ ਕੁਝ ਵੀ ਪੈਸੇ ਦੇਣ ਦੇ ਯੋਗ ਨਹੀਂ ਹੋ ਅਤੇ ਤੁਹਾਡੀ ਹਾਲਾਤ ਵਿਚ ਕਿਸੇ ਵੀ ਕਰ੍ਹਾਂ ਦਾ ਸੁਧਾਰ ਹੋਣੇ ਦੀ ਸੰਭਾਵਨਾ ਨਹੀਂ ਹੈ ਤਾਂ ਇਸ ਦਾ ਨਤੀਜਾ ਬਹੁਤ ਗੰਭਾਰ ਹੋ ਸਕਦਾ ਹੈ। ਤੁਰੰਤ ਹੀ ਮਸ਼ਵਰਾ ਲਵੋ।

ਤੁਸੀਂ ਆਪਣੇ ਗੈਰ-ਜ਼ਰੂਰੀ ਕਰਜ਼ਿਆਂ ਨਾਲ ਕਿਸ ਤਰ੍ਹਾਂ ਨਿਪਟਦੇ ਹੋ, ਉਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਆਪਣੇ ਜ਼ਰੂਰੀ ਕਰਜ਼ੇ ਅਦਾ ਕਰਨ ਤੋਂ ਬਾਅਦ ਅਤੇ ਘਰ ਦੇ ਖ਼ਾਸ ਖਰਚੇ ਜਿਵੇਂ ਕਿ ਹਾਊਜ਼ਿੰਗ ਅਤੇ ਖਾਣੇ ਪਾਣੇ ਦੇ ਖਰਚੇ ਕਰਨ ਤੋਂ ਬਾਅਦ ਕੀ ਤੁਹਾਡੇ ਪਾਸ ਕੋਈ ਪੈਸੇ ਬਾਕੀ ਬੱਚ ਜਾਂਦੇ ਹਨ ਜਾਂ ਨਹੀਂ। ਜੇ ਤੁਹਾਡੇ ਪਾਸ ਵਾਧੂ ਪੈਸੇ ਬੱਚ ਜਾਂਦੇ ਹਨ ਤਾਂ ਆਪਣੇ ਗੈਰ-ਜ਼ਰੂਰੀ ਕਰਜ਼ੇ ਅਦਾ ਕਰਨ ਲਈ ਤੁਹਾਡੇ ਪਾਸ ਕਈ ਤਰ੍ਹਾਂ ਦੀਆਂ ਚੋਣਾ (ਔਪਸ਼ਨਜ਼) ਹੋ ਸਕਦੀਆਂ ਹਨ। ਫਿਰ ਭੀ, ਜੇ ਤੁਹਾਡੇ ਪਾਸ ਬਹੁਤ ਘੱਟ ਜਾਂ ਕੁਝ ਵੀ ਪੈਸੇ ਬਾਕੀ ਨਹੀਂ ਬਚਦੇ ਹਨ ਅਤੇ ਵੇਚਣੇ ਲਈ ਕੋਈ ਵੀ ਕੀਮਤੀ ਚੀਜ਼ ਬਾਕੀ ਨਹੀਂ ਬਚੀ ਹੈ ਅਤੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਹਾਲਾਤ ਬਿਹਤਰ ਹੋਣੇ ਦੀ ਕੋਈ ਸੰਭਾਵਨਾ ਨਹੀਂ ਹੈ ਤਾਂ ਤੁਹਾਡੀਆਂ ਚੋਣਾ (ਔਪਸ਼ਨਜ਼) ਬਹੁਤ ਸੀਮਿਤ ਹੋਣਗੀਆਂ।

ਮੌਜੂਦਾ ਉਧਾਰ ਤੇ ਲਏ ਹੋਏ ਪੈਸੇ ਅਦਾ ਕਰਨ ਲਈ ਅਗੇ ਤੋਂ ਹੋਰ ਲੋਨਜ਼ ਲੈਣ ਤੋਂ ਪਹਿਲਾਂ ਤੁਹਾਨੂੰ ਬਹੁਤ ਧਿਆਨ ਨਾਲ ਸੋਚਣਾ ਪਵੇਗਾ। ਤੁਸੀਂ ਜਿੰਨੇ ਪੈਸੇ ਉਧਾਰ ਲਏ ਹਨ ਉਹ ਲਾਹੁੰਣ ਲਈ ਤੁਹਾਨੂੰ ਸ਼ਾਇਦ ਉਸ ਤੋਂ ਬਹੁਤ ਜ਼ਿਆਦਾ ਪੈਸੇ ਵਾਪਸ ਦੇਣੇ ਪੈਣ ਅਤੇ ਹੋ ਸਕਦਾ ਹੈ ਕਿ

Copyright © 2002-2007 Citizens Advice All rights reserved
Registered charity no: 279057 Company no: 1436945 England

ਸੂਦ ਦੇ ਰੇਟ ਵੀ ਬਹੁਤ ਜ਼ਿਆਦਾ ਹੋਣ। ਕੁਝ ਇੱਕ ਲੋਨ ਤੁਹਾਡੇ ਮਕਾਨ ਨੂੰ ਗਿਰਵੀ ਰੱਖ ਕੇ ਉਠਾਏ ਜਾ ਸਕਦੇ ਹਨ ਅਤੇ ਜੇ ਤੁਸੀਂ ਉਸ ਦੀਆਂ ਅਦਾਇਗੀਆਂ ਨਾ ਦੇ ਸਕੋ ਤਾਂ ਅਖ਼ੀਰ ਵਿਚ ਤੁਸੀਂ ਆਪਣਾ ਮਕਾਨ ਵੀ ਖੋਹ ਸਕਦੇ ਹੋ।

## ਮੈਨੂੰ ਇੱਕ ਨਵੀਂ ਵੌਸ਼ਿੰਗ ਮਸ਼ੀਨ (ਕਪੜੇ ਧੋਣ ਵਾਲੀ ਮਸ਼ੀਨ) ਖ਼ਰੀਦਣੇ ਲਈ ਪੈਸੇ ਉਧਾਰ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਮੈਂ ਕੀ ਕਰ ਸਕਦਾ/ਸਕਦੀ ਹਾਂ ?

ਜੇ ਤੁਹਾਨੂੰ ਪੈਸੇ ਉਧਾਰ ਦੇਣ ਲਈ ਨਾਂਹ ਕਰ ਦਿੱਤੀ ਗਈ ਹੈ ਤਾਂ ਤੁਸੀਂ ਉਸੇ ਹੀ ਕੰਪਨੀ ਨੂੰ ਦੁਬਾਰਾ ਅਰਜ਼ੀ ਦੇ ਸਕਦੇ ਹੋ ਜਾਂ ਫਿਰ ਕਿਸੇ ਹੋਰ ਜਗ੍ਹਾ ਤੇ ਦੇਖ ਸਕਦੇ ਹੋ। ਜੇ ਤੁਹਾਨੂੰ ਅਜੇ ਵੀ ਉਧਾਰ ਦੇਣ ਤੋਂ ਨਾਂਹ ਕੀਤੀ ਗਈ ਹੈ ਤਾਂ ਹੋ ਸਕਦਾ ਹੈ ਕਿ ਇਸ ਦਾ ਕਾਰਨ ਤੁਹਾਡਾ ਲੋਅ ਕ੍ਰੈਡਿੱਟ ਸਕੋਰ ਹੋ ਸਕਦਾ ਹੈ। ਇਸ ਦਾ ਮਤਲਬ ਇਹ ਹੈ ਕਿ ਜਿਹੜੀ ਦੁਕਾਨ ਵੌਸ਼ਿੰਗ ਮਸ਼ੀਨ ਵੇਚ ਰਹੀ ਹੈ, ਉਸ ਨੇ ਤੁਹਾਡਾ ਕ੍ਰੈਡਿੱਟ ਰੇਟਿੰਗ ਚੈੱਕ ਕਰਨ ਲਈ ਕਿਸੇ ਕ੍ਰੈਡਿੱਟ ਰੈਫ਼ਰੰਸ ਏਜੰਸੀ ਨੂੰ ਵਰਤਿਆ ਹੈ। ਇਸ ਦੁਕਾਨ ਵਾਲਿਆਂ ਨੂੰ ਤੁਹਾਨੂੰ ਦੱਸਣਾ ਚਾਹੀਦਾ ਸੀ, ਉਹ ਇਸ ਗੱਲ ਦਾ ਫ਼ੈਸਲਾ ਕਰਨ ਲਈ ਇਹ ਤ੍ਰੀਕਾ ਵਰਤਣਗੇ ਕਿ ਕੀ ਤੁਹਾਨੂੰ ਉਧਾਰ ਜਾਂ ਕ੍ਰੈਡਿੱਟ ਤੇ ਵੌਸ਼ਿੰਗ ਮਸ਼ੀਨ ਦੇ ਸਕਦੇ ਹਨ ਜਾਂ ਨਹੀਂ।

ਤੁਸੀਂ ਦੁਕਾਨ ਵਾਲਿਆਂ ਤੋਂ ਪੁੱਛ ਸਕਦੇ ਹੋ ਕਿ ਉਹਨਾਂ ਨੇ ਕਿਹੜੀ ਕ੍ਰੈਡਿੱਟ ਰੈਫ਼ਰੰਸ ਏਜੰਸੀ ਵਰਤੀ ਹੈ। ਉਹਨਾਂ ਨੂੰ ਚਿੱਠੀ ਲਿਖ ਕੇ ਆਪਣੀ ਫ਼ਾਈਲ ਦੀ ਕੌਪੀ ਬਾਰੇ ਪੁੱਛੋ, ਜੋ ਉਹਨਾਂ ਦੇ ਕੋਲ ਹੈ। ਇਸ ਤਰ੍ਹਾਂ ਕਰਨ ਲਈ ਤੁਹਾਨੂੰ ਕੁਝ ਫ਼ੀਸ ਦੇਣੀ ਪਵੇਗੀ, ਜੋ ਆਮ ਤੌਰ ਤੇ ਕਾਫ਼ੀ ਮਾਮੂਲੀ ਜਿਹੀ ਹੁੰਦੀ ਹੈ। ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਰਿਕੌਰਡ ਉੱਤੇ ਤੁਹਾਡੇ ਬਾਰੇ ਗਲਤ ਜਾਣਕਾਰੀ ਲਿਖੀ ਹੋਈ ਹੈ ਤਾਂ ਤੁਸੀਂ ਕ੍ਰੈਡਿੱਟ ਰੈਫ਼ਰੰਸ ਏਜੰਸੀ ਨੂੰ ਸਹੀ ਕਰਨੇ ਲਈ ਕਹਿ ਸਕਦੇ ਹੋ।

ਤੁਸੀਂ ਸ਼ਾਇਦ ਆਪਣੀ ਵੌਸ਼ਿੰਗ ਮਸ਼ੀਨ ਦੇ ਪੈਸੇ ਅਦਾ ਕਰਨ ਲਈ ਹੋਰ ਦੂਸਰੇ ਤ੍ਰੀਕਿਆਂ ਬਾਰੇ ਵੀ ਪਤਾ ਕਰਨਾ ਚਾਹੋ।

Copyright © 2002-2007 Citizens Advice All rights reserved
Registered charity no: 279057 Company no: 1436945 England

# ਕ੍ਰੈਡਿੱਟ ਕਾਰਡ ਦਾ ਕਰਜ਼ਾ ਨਾ ਅਦਾ ਕਰਨ ਦੇ ਸੰਬੰਧ ਵਿਚ, ਮੇਰੇ ਖ਼ਿਲਾਫ਼ ਕਾਉਂਟੀ ਕੋਰਟ ਜੱਜਮੈਂਟ ਲਗਾਈ ਗਈ ਹੈ ਅਤੇ ਕਾਰਡ ਦੇਣ ਵਾਲੇ ਨੇ ਮੈਨੂੰ ਬੇਲਿੱਫ਼ਸ ਨੂੰ ਭੇਜਣ ਦੀ ਧਮਕੀ ਦਿੱਤੀ ਹੈ। ਮੈਂ ਕੀ ਕਰ ਸਕਦਾ/ਸਕਦੀ ਹਾਂ ?

ਸਭ ਤੋਂ ਪਹਿਲਾਂ ਕੰਪਨੀ ਨਾਲ ਸਮਝੌਤਾ ਕਰਨ ਲਈ ਗੱਲ ਬਾਤ ਕਰੋ। ਤੁਸੀਂ ਚਾਹੇ ਕਰਜ਼ਾ ਪੂਰਾ ਨਾ ਵੀ ਦੇ ਸਕਦੇ ਹੋਵੋ, ਫਿਰ ਭੀ ਇੱਕ ਰਕਮ ਤਹਿ ਕਰਨ ਦੀ ਕੋਸ਼ਿਸ਼ ਕਰੋ, ਜਿਹੜੀ ਕਿ ਹਰ ਹਫ਼ਤੇ ਜਾਂ ਹਰ ਮਹੀਨੇ ਦੇ ਸਕਦੇ ਹੋਵੋ।

ਜੇ ਤੁਸੀਂ ਕੰਪਨੀ ਨਾਲ ਕੋਈ ਇਕਰਾਰਨਾਵੇਂ ਤੇ ਨਾ ਪਹੁੰਚ ਸਕੋ, ਤਾਂ ਤੁਹਾਡੇ ਤੋਂ ਕਰਜ਼ਾ ਵਸੂਲ ਕਰਨ ਲਈ ਉਹ ਤੁਹਾਡੇ ਘਰ ਬੇਲਿੱਫ਼ਸ ਭੇਜਣ ਤੋਂ ਪਹਿਲਾਂ ਕੋਰਟ ਤੋਂ ਵੌਰੰਟ ਲਾਗੂ ਕਰਵਾ ਸਕਦੇ ਹਨ ਤਾਂ ਕਿ ਤੁਹਾਡੇ ਘਰ ਵਿਚੋਂ ਸਾਮਾਨ ਉਠਾਵਾ ਕੇ ਤੁਹਾਡੇ ਕਰਜ਼ੇ ਦੀ ਅਦਾਇਗੀ ਕਰ ਸਕਣ। ਜੇ ਉਹ ਪਹਿਲਾਂ ਹੀ ਵੌਰੰਟ ਭੇਜ ਚੁੱਕੇ ਹਨ ਤਾਂ ਉਸਨੂੰ ਰੋਕਣ ਲਈ ਤੁਸੀਂ ਕੋਰਟ ਨੂੰ ਅਰਜ਼ੀ ਦੇ ਸਕਦੇ ਹੋ।

ਜੇ ਬੇਲਿੱਫ਼ਸ ਆ ਜਾਣ ਤਾਂ ਤੁਹਾਨੂੰ ਚਾਹੀਦਾ ਹੈ ਕਿ ਉਹਨਾਂ ਨੂੰ ਅੰਦਰ ਨਾ ਵੜਨ ਦੇਵੋ ਅਤੇ ਉਹ ਜ਼ਬਰਦੱਸਤੀ ਅੰਦਰ ਨਹੀਂ ਆ ਸਕਦੇ। ਫਿਰ ਭੀ, ਉਹ ਸ਼ਾਂਤੀ ਪੂਰਵਕ ਤੁਹਾਡੇ ਅੰਦਰ ਆ ਸਕਦੇ ਹਨ। ਮਿਸਾਲ ਵਜੋਂ ਉਹ ਖੁਲ੍ਹੀ ਖਿੜਕੀ ਵਿਚੋਂ ਜਾਂ ਬੰਦ ਪਰ ਬਿਨਾਂ ਤਾਲਾ ਲੱਗੇ ਹੋਏ ਦਰਵਾਜ਼ੇ ਵਿਚੋਂ ਦੀ ਅੰਦਰ ਆ ਸਕਦੇ ਹਨ। । ਇੱਕ ਵਾਰੀ ਜਦੋਂ ਉਹ ਤੁਹਾਡੇ ਘਰ ਦੇ ਅੰਦਰ ਦਾਖ਼ਲ ਹੋ ਜਾਂਦੇ ਹਨ ਤਾਂ ਉਹ ਅਗਲੀ ਵਾਰੀ ਕਾਨੂੰਨੀ ਤੌਰ ਤੇ ਦਰਵਾਜ਼ਾ ਤੋੜ ਕੇ ਅੰਦਰ ਆ ਸਕਦੇ ਹਨ ਅਤੇਸਾਮਾਨ ਉਠਾ ਸਕਦੇ ਹਨ।

ਬੇਲਿੱਫ਼ਸ ਨੂੰ ਸਾਧਾਰਣ ਕਪੜੇ, ਬਿਸਤਰੇ ਦੇ ਕਪੜੇ, ਫ਼ਰਨੀਚਰ ਜਾਂ ਘਰੇਲੂ ਸਾਮਾਨ ਲਿਜਾਣ ਦੀ ਇਜਾਜ਼ਤ ਨਹੀਂ ਹੁੰਦੀ ਅਤੇ ਉਹ ਜਿਹੜਾ ਸਾਮਾਨ ਲੈ ਕੇ ਜਾਂਦੇ ਹਨ ਉਸਨੂੰ ਤੁਹਾਡੇ ਕਰਜ਼ੇ ਦੀ ਵਸੂਲੀ ਲਈ ਔਕਸ਼ਨ ਵਿਚ ਵੇਚਿਆ ਜਾਵੇਗਾ।

ਇੱਕ ਵਾਰੀ ਜਦੋਂ ਕੋਈ ਬੇਲਿੱਫ਼ ਸ਼ਾਂਤੀ ਨਾਲ ਤੁਹਾਡੇ ਘਰ ਦੇ ਅੰਦਰ ਦਾਖ਼ਲ ਹੋ ਗਿਆ ਹੈ ਤਾਂ ਉਹ ਕਿਸੇ ਅਗਲੀ ਤਾਰੀਖ਼ ਨੂੰ ਜੇ ਤੁਸੀਂ ਹਾਲੇ ਵੀ ਕਰਜ਼ਾ ਵਾਪਸ ਨਹੀਂ ਕਰ ਸਕਦੇ ਤਾਂ ਕਰਜ਼ੇ ਦੀ ਜਿੰਨੀ ਰਕਮ ਬਣਦੀ ਹੈ ਉਸ ਦੇ ਹਿਸਾਬ ਨਾਲ ਉਹ ਤੁਹਾਡੇ ਘਰ ਵਿਚੋਂ ਸਾਮਾਨ ਜਾਂ ਚੀਜ਼ਾਂ ਉਠਾ ਕੇ ਲੈ ਜਾ ਸਕਦਾ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਂ ਪਹਿਲੀ ਵਾਰੀ ਇੱਕਲੇ ਤੌਰ ਤੇ ਰਹਿਣੇ ਲਈ ਜਾ ਰਿਹਾ/ਰਹੀ ਹਾਂ ਅਤੇ ਮੈਨੂੰ ਫ਼ਿਕਰ ਹੈ ਕਿ ਮੈਂ ਆਪਣੇ ਬਜਿੱਟ ਦੀ ਕਿਸ ਤਰ੍ਹਾਂ ਦੇਖਭਾਲ ਕਰਾਂਗਾ/ਕਰਾਂਗੀ। ਕਰਜ਼ੇ ਵਿਚ ਜਾਣ ਤੋਂ ਬਚਣ ਲਈ ਮੈਂ ਕੀ ਕਰ ਸਕਦਾ/ਸਕਦੀ ਹਾਂ ?

ਕੋਸ਼ਿਸ਼ ਕਰੋ ਕਿ ਪੈਸਿਆਂ ਦੇ ਮਾਮਲਿਆਂ ਤੋਂ ਭੈਭੀਤ ਨਾ ਹੋਵੋ। ਇਸ ਗੱਲ ਨੂੰ ਧਿਆਨ ਵਿਚ ਰੱਖੋ ਕਿ ਘਰ ਵਿਚ ਕਿੰਨੇ ਪੈਸੇ ਆ ਰਹੇ ਹਨ ਅਤੇ ਬਿੱਲ ਭਰਨ ਲਈ, ਕਿਰਾਇਆ ਦੇਣ ਲਈ ਅਤੇ ਖਾਣੇ ਦਾ ਸਾਮਾਨ ਖਰੀਦਣ ਲਈ ਕਿੰਨੇ ਪੈਸੇ ਇੱਕ ਪਾਸੇ ਰਖੇ ਜਾਣੇ ਚਾਹੀਦੇ ਹਨ। ਆਪਣੇ ਬਿੱਲ ਦੇਣ ਲਈ ਤੁਹਾਡੇ ਲਈ ਸ਼ਾਇਦ ਸਟੈਂਡਿੰਗ ਔਰਡਰਜ਼ ਅਤੇ ਡਾਇਰੈਕਟ ਡੈਬਿਟਸ ਦਾ ਇੰਤਜ਼ਾਮ ਕਰਨਾ ਮੱਦਦਗਾਰ ਸਾਬਿਤ ਹੋਵੇ। ਇਸ ਤਰ੍ਹਾਂ ਇੰਤਜ਼ਾਮ ਕਰੋ ਕਿ ਜਿਸ ਤਾਰੀਕ ਨੂੰ ਤੁਹਾਡੀ ਤਨਖਾਹ ਆਉਂਣੀ ਹੁੰਦੀ ਹੈ ਉਸ ਤੋਂ ਬਾਅਦ ਹੀ ਤੁਹਾਡੇ ਅਕਾਉਂਟ ਵਿਚੋਂ ਪੈਸੇ ਕੱਟੇ ਜਾਣ। ਜੇ ਹੋ ਸਕੇ ਤਾਂ ਆਮ ਬੱਚਤ ਦੇ ਪਲੈਨ ਦੇ ਤੌਰ ਤੇ ਹਰ ਮਹੀਨੇ ਕੁਝ ਪੈਸੇ ਬਚਾਉਂਣ ਦੀ ਕੋਸ਼ਿਸ਼ ਕਰੋ ਤਾਂ ਕਿ ਜਦੋਂ ਕਦੇ ਕੋਈ ਐਮਰਜੈਂਸੀ ਆ ਜਾਵੇ ਤਾਂ ਉਹ ਪੈਸੇ ਉਸ ਵਕਤ ਵਰਤੇ ਜਾ ਸਕਦੇ ਹਨ। ਇਹ ਨਿਸਚਿਤ ਕਰੋ ਕਿ ਹਰ ਇੱਕ ਵਾਰੀ ਜਦੋਂ ਤੁਹਾਡੀ ਆਮਦਨੀ ਵਿਚ ਕੋਈ ਤਬਦੀਲੀ ਹੁੰਦੀ ਹੈ ਜਾਂ ਕੋਈ ਵੀ ਇਹੋ ਜਿਹੀ ਤਬਦੀਲੀ ਜਿਸ ਨਾਲ ਤੁਹਾਡੀ ਮਾਲੀ ਹਾਲਤ ਉੱਤੇ ਅਸਰ ਹੁੰਦਾ ਹੈ ਤਾਂ ਆਪਣੇ ਬਜਿੱਟ ਉੱਤੇ ਦੁਬਾਰਾ ਨਜ਼ਰ ਮਾਰੋ।

ਸਸਤਾ, ਗੈਸ, ਬਿਜਲੀ, ਟੈਲੀਫ਼ੋਨ ਅਤੇ ਇੰਨਸ਼ੋਅਰੰਸ ਦੀਆਂ ਡੀਲਜ਼ ਲੱਭਣ ਲਈ ਹਮੇਸ਼ਾਂ ਇੱਧਰ ਉੱਧਰ ਦੇਖੋ। ਇਹੋ ਜਿਹੀਆਂ ਕਾਫ਼ੀ ਡੀਲਜ਼ ਤੁਹਾਨੂੰ ਮਿਲ ਸਕਦੀਆਂ ਜਿਹਨਾਂ ਵਿਚੋਂ ਤੁਸੀਂ ਚੁੱਣ ਸਕਦੇ ਹੋ।

ਉਧਾਰ ਤੇ ਸਾਮਾਨ ਖਰੀਦਣ ਬਾਰੇ ਕਾਫ਼ੀ ਸਾਵਧਾਨ ਰਹੋ। ਸੂਦ ਦੀਆਂ ਅਦਾਇਗੀਆਂ ਕਾਫ਼ੀ ਉੱਚੀਆਂ ਹੋ ਸਕਦੀਆਂ ਹਨ। ਇਸ ਤੋਂ ਇਲਾਵਾ, ਇੰਨਟਰੈਸਟ ਫ਼ਰੀ ਕ੍ਰੈਡਿੱਟ (ਸੂਦ ਤੋਂ ਮੁਕਤ ਉਧਾਰ) ਬਾਰੇ ਵੀ ਖ਼ਬਰਦਾਰ ਰਹੋ। ਇਹ ਤੁਹਾਨੂੰ ਸ਼ਾਇਦ ਇੱਕ ਅੱਛੀ ਡੀਲ ਲੱਗੇ ਪਰ ਜੇ ਤੁਸੀਂ ਇੰਨਟਰੈਸਟ ਫ਼ਰੀ ਕ੍ਰੈਡਿੱਟ (ਸੂਦ ਤੋਂ ਮੁਕਤ ਉਧਾਰ) ਦੇ ਵਕਤ ਤੋਂ ਪਹਿਲਾਂ ਪਹਿਲਾਂ ਆਪਣੀ ਪੂਰੀ ਰਕਮ ਦੇਣ ਲਈ ਨਾਕਾਮ ਹੋ ਗਏ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਪੂਰੇ ਸੂਦ ਸਮੇਤ ਰਕਮ ਵਾਪਸ ਦੇਣੀ ਪਵੇ, ਚਾਹੇ ਤੁਸੀਂ ਅਦਾਇਗੀ ਕਰਨ ਲਈ ਇੱਕ ਦਿਨ ਲਈ ਹੀ ਲੇਟ ਹੋਏ ਹੋਵੋ। ਆਪਣੇ ਕ੍ਰੈਡਿੱਟ ਕਾਰਡਜ਼ ਦੀ ਕੁੱਲ ਰਕਮ ਵਿਚੋਂ ਹਰ ਮਹੀਨੇ ਤਕਰੀਬਨ 10 ਫ਼ੀ ਸਦੀ ਪੈਸੇ ਦੇਣੇ ਦੀ ਕੋਸ਼ਿਸ਼ ਕਰੋ। ਬੈਂਕ ਦੇ ਨਾਲ ਗੱਲ ਕੀਤੇ ਤੋਂ ਬਿਨਾਂ ਆਪਣਾ ਅਕਾਉਂਟ ਓਵਰਡ੍ਰਾਫ਼ਟ ਵਿਚ ਨਾ ਲਿਜਾਓ, ਇਸ ਲਈ ਕਿ ਤੁਹਾਨੂੰ ਬਿਨਾਂ ਇਜਾਜ਼ਤ ਤੋਂ ਲਏ ਗਏ ਓਵਰਡ੍ਰਾਫ਼ਟ ਲਈ ਚਾਰਜ ਕੀਤਾ ਜਾਵੇਗਾ। ਕਿਸੇ ਵੀ ਤਰ੍ਹਾਂ ਦੇ ਲੋਨਜ਼ ਲੈਣ ਬਾਰੇ ਬਹੁਤ ਹੀ ਸਾਵਧਾਨ ਰਹੋ। ਜਾਣਕਾਰੀ ਨੂੰ ਪੜ੍ਹੋ ਅਤੇ ਵਰਤੀ ਜਾਣ ਵਾਲੀ ਪਰਿਭਾਸ਼ਕ ਸ਼ਬਦਾਵਲੀ ਨਾਲ ਆਪਣੇ ਆਪ ਨੂੰ ਵਾਕਿਫ਼ ਕਰ ਲਵੋ। ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਸਿਕਿਉਰਡ ਅਤੇ ਨੌਨ ਸਿਕਿਉਰਡ

Copyright © 2002-2007 Citizens Advice All rights reserved
Registered charity no: 279057 Company no: 1436945 England

(ਮਹਿਫ਼ੂਜ਼ ਅਤੇ ਗੈਰ ਮਹਿਫ਼ੂਜ਼) ਲੋਨ ਵਿਚਲੇ ਫ਼ਰਕ ਨੂੰ ਸਮਝੋ, ਇਸ ਲਈ ਕਿ ਤੁਸੀਂ ਆਪਣੇ ਘਰ ਨੂੰ ਜ਼ਮਾਨਤ (ਸਿਕਿਉਰਿਟੀ) ਦੇ ਤੌਰ ਤੇ ਰੱਖਿਆ ਹੋਇਆ ਹੈ ਅਤੇ ਜੇ ਲੋਨ ਦੀਆਂ ਅਦਾਇਗੀਆਂ ਨਾ ਦਿੱਤੀਆਂ ਗਈਆਂ ਤਾਂ ਤੁਸੀਂ ਆਪਣਾ ਮਕਾਨ ਖੋਹ ਸਕਦੇ ਹੋ।

## ਮੈਨੂੰ ਲਗਦਾ ਹੈ ਮੇਰੇ ਜਾਨਣੇ ਤੋਂ ਬਿਨਾਂ ਸ਼ਾਇਦ ਕੋਈ ਦੂਸਰਾ ਵਿਅਕਤੀ ਮੇਰਾ ਕ੍ਰੈਡਿੱਟ ਕਾਰਡ ਵਰਤ ਰਿਹਾ ਹੈ। ਮੈਂ ਇਸ ਬਾਰੇ ਕੀ ਕਰ ਸਕਦਾ/ਸਕਦੀ ਹਾਂ?

ਤੁਸੀਂ ਸ਼ਾਇਦ ਚੋਰੀ ਕੀਤੀ ਗਈ ਸ਼ਨਾਖ਼ਤ ਦੇ ਸ਼ਿਕਾਰ ਬਣ ਗਏ ਹੋ। ਇਹ ਇੱਕ ਕਿਸਮ ਦੀ ਧੋਖੇਬਾਜ਼ੀ ਹੈ, ਜੋ ਉਸ ਵਕਤ ਹੁੰਦੀ ਹੈ ਜਦੋਂ ਕੋਈ ਵਿਅਕਤੀ, ਜਿਸ ਨੂੰ ਤੁਸੀਂ ਜਾਣਦੇ ਨਹੀਂ ਹੋ, ਨੂੰ ਤੁਹਾਡੀ ਨਿਜ਼ੀ ਜਾਣਕਾਰੀ ਮਿਲ ਜਾਂਦੀ ਹੈ ਅਤੇ ਉਹ ਉਸਨੂੰ ਤੁਹਾਡੇ ਅਕਾਉਂਟ ਤੱਕ ਪਹੁੰਚਣ ਲਈ ਵਰਤਦਾ ਹੈ।

ਇੱਕ ਵਾਰੀ ਜਦੋਂ ਤੁਹਾਨੂੰ ਪਤਾ ਚੱਲਦਾ ਹੈ ਕਿ ਕੋਈ ਹੋਰ ਵਿਅਕਤੀ ਤੁਹਾਡੇ ਜਾਨਣੇ ਤੋਂ ਬਿਨਾਂ ਤੁਹਾਡਾ ਕ੍ਰੈਡਿੱਟ ਕਾਰਡ ਵਰਤ ਰਿਹਾ ਹੈ ਤਾਂ ਤੁਰੰਤ ਹੀ ਆਪਣੀ ਕ੍ਰੈਡਿੱਟ ਕਾਰਡ ਕੰਪਨੀ ਨੂੰ ਦੱਸੋ, ਉਹਨਾਂ ਨਾਲ ਜਿਹੜੀ ਤੁਹਾਡੀ ਗੱਲ ਬਾਤ ਹੋਈ ਹੈ ਉਸ ਦਾ ਰਿਕੌਰਡ ਰੱਖੋ, ਕੋਈ ਵੀ ਚਿੱਠੀਆਂ ਤੁਸੀਂ ਭੇਜੀਆਂ ਹਨ ਜਾਂ ਤੁਹਾਨੂੰ ਮਿਲੀਆਂ ਹਨ ਉਹਨਾਂ ਨੂੰ ਵੀ ਸੰਭਾਲ ਕੇ ਰੱਖੋ ਅਤੇ ਇਸ ਹਾਦਸੇ ਨੂੰ ਪੁਲੀਸ ਕੋਲ ਦਰਜ ਕਰਾਓ ਅਤੇ ਉਹਨਾਂ ਤੋਂ ਜੁਰਮ ਦਾ ਹਵਾਲਾ ਨੰਬਰ (ਕ੍ਰਾਈਮ ਰੈਫ਼ਰੰਸ ਨੰਬਰ) ਲਓ।

ਜੇ ਤੁਸੀਂ ਚੋਰੀ ਕੀਤੀ ਗਈ ਸ਼ਨਾਖ਼ਤ ਦੇ ਸ਼ਿਕਾਰ ਹੋਏ ਹੋ ਅਤੇ ਤੁਹਾਡਾ ਕਾਰਡ ਅਜੇ ਵੀ ਤੁਹਾਡੇ ਪਾਸ ਹੈ ਤਾਂ ਤੁਹਾਡੀ ਇਜਾਜ਼ਤ ਤੋਂ ਬਿਨਾਂ ਉਸ ਕਾਰਡ ਤੋਂ ਖ਼ਰੀਦੀ ਗਈ ਕਿਸੇ ਵੀ ਚੀਜ਼ ਲਈ ਤੁਹਾਨੂੰ ਪੈਸੇ ਨਹੀਂ ਦੇਣੇ ਪੈਣਗੇ। ਜੇ ਤੁਹਾਡਾ ਕਾਰਡ ਚੋਰੀ ਹੋ ਗਿਆ ਹੈ ਤਾਂ ਤੁਹਾਨੂੰ ਵੱਧ ਤੋਂ ਵੱਧ 50 ਪੌਂਡ ਦੇਣੇ ਪੈਣਗੇ, ਜਦ ਤੱਕ ਇਹ ਦਿਖਾਈ ਨਾ ਦੇਵੇ ਕਿ ਤੁਸੀਂ ਇਹ ਧੋਖੇਬਾਜ਼ੀ ਆਪ ਕੀਤੀ ਹੈ ਜਾਂ ਕਾਰਡ ਦਾ ਮੁਨਾਸਿਬ ਖਿਆਲ ਨਹੀਂ ਰੱਖਿਆ ਹੈ, ਮਿਸਾਲ ਵਜੋਂ ਆਪਣਾ ਪਿੰਨ ਨੰਬਰ ਲਿਖ ਕੇ ਆਪਣੇ ਕਾਰਡ ਦੇ ਨਾਲ ਰੱਖਣਾ।

ਤੁਹਾਨੂੰ ਬਹੁਤ ਜਲਦੀ ਕਾਰਵਾਈ ਕਰਨੀ ਪਵੇਗੀ: ਤੁਰੰਤ ਹੀ ਆਪਣੇ ਕਾਰਡ ਦੀ ਕੰਪਨੀ ਨਾਲ ਸੰਪਰਕ ਕਰੋ, ਜੋ ਵੀ ਤੁਸੀਂ ਉਹਨਾਂ ਨਾਲ ਗੱਲ ਬਾਤ ਕੀਤੀ ਹੈ, ਉਸ ਦਾ ਰਿਕੌਰਡ ਰੱਖੋ ਅਤੇ ਜੇ ਤੁਸੀਂ ਉਹਨਾਂ ਨੂੰ ਕੋਈ ਵੀ ਚਿੱਠੀਆਂ ਪਾਈਆਂ ਹਨ ਜਾਂ ਉਹਨਾਂ ਦੀਆਂ ਆਈਆਂ ਹਨ, ਉਹਨਾਂ ਦੀਆਂ ਕੌਪੀਆਂ ਸੰਭਾਲ ਕੇ ਰੱਖੋ ਅਤੇ ਪੁਲੀਸ ਪਾਸ ਰਿਪੋਰਟ ਕਰੋ ਅਤੇ ਉਹਨਾਂ ਤੋਂ ਜੁਰਮ ਦਾ ਹਵਾਲਾ ਨੰਬਰ ਲਵੋ।

Copyright © 2002-2007 Citizens Advice All rights reserved
Registered charity no: 279057 Company no: 1436945 England

ਕ੍ਰੈਡਿੱਟ ਕਾਰਡ ਦੀ ਧੋਖੇਬਾਜ਼ੀ ਅਤੇ ਸ਼ਨਾਖ਼ਤ ਦੀ ਚੋਰੀ ਬਾਰੇ ਮਸ਼ਵਰੇ ਬਾਰੇ ਵਧੇਰੇ ਜਾਣਕਾਰੀ ਲਈ ਇਸ ਪਤੇ ਤੇ www.cardwatch.org.uk ਜਾਂ ਹੋਮ ਔਫ਼ਿਸ ਦੇ ਵੈਬਸਾਈਟ www.identitytheft.org.uk ਤੇ ਜਾਓ।

## ਇੱਕ ਬੈਂਕ ਜਿਸ ਨਾਲ ਮੇਰਾ ਕੋਈ ਲੈਣ ਦੇਣ ਨਹੀਂ ਹੈ, ਮੈਨੂੰ ਬਕਾਇਆ ਕਰਜ਼ਾ ਦੇਣ ਲਈ ਕਹਿ ਰਹੀ ਹੈ। ਮੈਨੂੰ ਲਗਦਾ ਹੈ ਕਿ ਮੈਂ ਇੱਕ ਚੋਰੀ ਕੀਤੀ ਗਈ ਸ਼ਨਾਖ਼ਤ ਦਾ ਸ਼ਿਕਾਰ ਬਣ ਗਿਆ/ਗਈ ਹਾਂ। ਮੈਂ ਕੀ ਕਰ ਸਕਦਾ/ਸਕਦੀ ਹਾਂ ?

ਚੋਰੀ ਕੀਤੀ ਗਈ ਸ਼ਨਾਖ਼ਤ ਇੱਕ ਕਿਸਮ ਦੀ ਧੋਖੇਬਾਜ਼ੀ ਹੈ, ਜੋ ਉਸ ਵਕਤ ਹੁੰਦੀ ਹੈ ਜਦੋਂ ਕੋਈ ਵਿਅਕਤੀ ਜਿਸਨੂੰ ਤੁਸੀਂ ਜਾਣਦੇ ਨਹੀਂ ਹੋ, ਤੁਹਾਡੀ ਨਿਜੀ ਜਾਣਕਾਰੀ ਹਾਸਲ ਕਰ ਲੈਂਦਾ ਹੈ ਅਤੇ ਕ੍ਰੈਡਿੱਟ ਕਾਰਡ ਲਈ ਅਰਜ਼ੀ ਦੇਣ ਲਈ ਜਾਂ ਤੁਹਾਡੇ ਨਾਮ ਹੇਠਾਂ ਅਕਾਉਂਟ ਖੋਲ੍ਹਣ ਲਈ ਵਰਤਦਾ ਹੈ।

ਜੇ ਤੁਸੀਂ ਚੋਰੀ ਕੀਤੀ ਗਈ ਸ਼ਨਾਖ਼ਤ ਦੇ ਸ਼ਿਕਾਰ ਹੋਏ ਹੋ ਤਾਂ ਆਮ ਤੌਰ ਤੇ ਜਿਹੜੇ ਪੈਸੇ ਤੁਹਾਡੇ ਗੁੰਮ ਹੋ ਗਏ ਹਨ ਉਹ ਤੁਹਾਨੂੰ ਦੇਣੇ ਨਹੀਂ ਪੈਣਗੇ, ਜਦ ਤੱਕ ਇਹ ਦਿਖਾਈ ਨਾ ਦੇਵੇ ਕਿ ਤੁਸੀਂ ਇਹ ਧੋਖੇਬਾਜ਼ੀ ਆਪ ਕੀਤੀ ਹੈ ਜਾਂ ਮੁਨਾਸਿਬ ਖਿਆਲ ਨਹੀਂ ਰੱਖਿਆ ਹੈ, ਮਿਸਾਲ ਵਜੋਂ ਆਪਣਾ ਪਿੰਨ ਨੰਬਰ ਲਿਖ ਕੇ ਆਪਣੇ ਕਾਰਡ ਦੇ ਨਾਲ ਰੱਖਣਾ।
ਤੁਹਾਨੂੰ ਬਹੁਤ ਜਲਦੀ ਕਾਰਵਾਈ ਕਰਨੀ ਪਵੇਗੀ:

- ਤੁਰੰਤ ਹੀ ਬੈਂਕ ਨਾਲ ਸੰਪਰਕ ਕਰੋ, ਜੋ ਵੀ ਤੁਸੀਂ ਉਹਨਾਂ ਨਾਲ ਗੱਲ ਬਾਤ ਕੀਤੀ ਹੈ ਉਸ ਦਾ ਰਿਕੌਰਡ ਰੱਖੋ ਅਤੇ ਜੇ ਤੁਸੀਂ ਕੋਈ ਵੀ ਚਿੱਠੀਆਂ ਪਾਈਆਂ ਹਨ ਜਾਂ ਉਹਨਾਂ ਦੀਆਂ ਚਿੱਠਆਂ ਆਈਆਂ ਹਨ, ਉਹਨਾਂ ਦੀਆਂ ਕੌਪੀਆਂ ਸੰਭਾਲ ਕੇ ਰੱਖੋ।
- ਪੁਲੀਸ ਪਾਸ ਰਿਪੋਰਟ ਕਰੋ ਅਤੇ ਉਹਨਾਂ ਤੋਂ ਜੁਰਮ ਦਾ ਹਵਾਲਾ ਨੰਬਰ ਲਵੋ।
- ਕ੍ਰੈਡਿੱਟ ਰੈਫ਼ਰੰਸ ਏਜੰਸੀਆਂ ਨਾਲ ਚੈੱਕ ਕਰੋ (ਵੇਰਵਾ ਹੇਠਾਂ ਦਿੱਤਾ ਗਿਆ ਹੈ) ਕਿ ਕੀ ਤੁਹਾਡੇ ਨਾਮ ਹੇਠਾਂ ਕ੍ਰੈਡਿੱਟ ਲਈ ਕਿਸੇ ਨੇ ਅਰਜ਼ੀ ਦਿੱਤੀ ਹੈ। ਜੇ ਦਿੱਤੀ ਹੈ ਤਾਂ ਤੁਸੀਂ ਉਸ ਜਾਣਕਾਰੀ ਨੂੰ ਆਪਣੀ ਫ਼ਾਈਲ ਵਿਚੋਂ ਕਢਵਾਉਂਣ ਲਈ ਕਹਿ ਸਕਦੇ ਹੋ।
- ਜੇ ਤੁਹਾਨੂੰ ਸ਼ੱਕ ਹੈ ਕਿ ਕਿਸੇ ਵਿਅਕਤੀ ਨੇ ਤੁਹਾਡੀਆਂ ਚਿੱਠੀਆਂ ਚੋਰੀ ਕਰਕੇ ਜਾਂ ਧੋਖੇਬਾਜ਼ੀ ਨਾਲ ਤੁਹਾਡੇ ਸਿਰਨਾਵੇਂ ਤੋਂ ਡਾਕ ਆਪਣੇ ਸਿਰਨਾਵੇਂ ਤੇ ਕਰਾ ਕੇ ਤੁਹਾਡੀ

Copyright © 2002-2007 Citizens Advice All rights reserved
Registered charity no: 279057 Company no: 1436945 England

ਜਾਣਕਾਰੀ ਹਾਸਲ ਕਰ ਲਈ ਹੈ ਤਾਂ ਤੁਹਾਨੂੰ ਰੌਇਅਲ ਮੇਲ ਕਸਟਮਰ ਐਨਕੁਆਇਰੀ ਨੰਬਰ 08457 740740 ਨਾਲ ਸੰਪਰਕ ਕਰਨਾ ਚਾਹੀਦਾ ਹੈ।

- ਯੂ ਕੇ ਦੀ ਫ਼੍ਰੌਡ ਪਰਿਵੈਂਨਸ਼ਨ ਸਰਵਿਸ CIFAS ਨਾਲ www.cifas.org.uk ਤੇ ਸੰਪਰਕ ਕਰੋ। ਥੋੜੇ ਜਿਹੇ ਪੈਸੇ ਦੇਣ ਨਾਲ ਉਹ ਇਹ ਨਿਸਚਿਤ ਕਰਨਗੇ ਕਿ ਜੇ ਕਿਸੇ ਵਿਅਕਤੀ ਨੇ ਤੁਹਾਡੇ ਨਾਮ ਤੇ ਉਧਾਰ ਲੈਣ ਲਈ ਦਰਖ਼ਾਸਤ ਦਿੱਤੀ ਹੈ ਤਾਂ ਉਹ ਉਸ ਨੂੰ ਦੁਬਾਰਾ ਚੈੱਕ ਕਰਨ।

ਕ੍ਰੈਡਿੱਟ ਰੈਫਰੰਸ ਏਜੰਸੀਜ਼ ਦੇ ਨਾਮ ਇਹ ਹਨ:

ਐਕਸਪੀਰੀਅਨ
ਟੈਲੀਫ਼ੋਨ: 0870 241 6212
ਵੈਬਸਾਈਟ: www.experian.co.uk

ਈਕੂਈਫ਼ੈਕਸ
ਟੈਲੀਫ਼ੋਨ: 08705 143700
ਵੈਬਸਾਈਟ: www.equifax.co.uk

ਕੌਲ ਕ੍ਰੈਡਿੱਟ ਚੈੱਕ
ਟੈਲੀਫ਼ੋਨ: 0870 060 1414
ਵੈਬਸਾਈਟ: www.callcredit.co.uk

ਚੋਰੀ ਕੀਤੀ ਗਈ ਸ਼ਨਾਖ਼ਤ ਬਾਰੇ ਵਧੇਰੇ ਜਾਣਕਾਰੀ ਅਤੇ ਮਸ਼ਵਰੇ ਲਈ ਇਸ ਵੈਬਸਾਈਟ ਤੇ ਜਾਓ www.cardwatch.org.uk ਜਾਂ ਹੋਮ ਔਫ਼ਿਸ ਦੇ ਵੈਬਸਾਈਟ www.identitytheft.org.uk ਤੇ ਜਾਓ।

Copyright © 2002-2007 Citizens Advice All rights reserved
Registered charity no: 279057 Company no: 1436945 England